# ਮੁਹਾਵਰੇ

ਹੇਠ ਲਿਖੇ ਮੁਹਾਵਰਿਆਂ ਨੂੰ ਅਰਥਾਂ ਨਾਲ ਮਿਲਾਓ।

| | |
|---|---|
| ਅੱਖ ਦਾ ਤਾਰਾ ਹੋਣਾ | ਆਦਰ ਸਤਿਕਾਰ ਕਰਨਾ |
| ਉੱਲੂ ਬੋਲਣਾ | ਮਿੱਤਰਤਾ ਛੱਡ ਦੇਣੀ |
| ਅੱਖਾਂ ਉੱਤੇ ਬਿਠਾਉਣਾ | ਰਿਸ਼ਵਤ ਦੇਣੀ |
| ਅਲਖ ਜਗਾਉਣੀ | ਬਹੁਤ ਪਿਆਰਾ ਹੋਣਾ |
| ਉਂਗਲ ਕਰਨੀ | ਘਬਰਾ ਜਾਣਾ |
| ਮੁੱਠੀ ਗਰਮ ਕਰਨੀ | ਬੇਫ਼ਿਕਰ ਹੋਣਾ |
| ਅੱਖਾਂ ਫੇਰ ਲੈਣੀਆਂ | ਉਜਾੜ ਹੋਣੀ |
| ਸਾਹ ਸੁੱਕਣਾ | ਧਿਆਨ ਨਾ ਦੇਣਾ |
| ਨੌਂ ਦੋ ਗਿਆਰਾਂ ਹੋਣਾ | ਭੀਖ ਮੰਗਣੀ |
| ਜਾਨ ਉੱਤੇ ਖੇਡਣਾ | ਦੋਸ਼ ਲਗਾਉਣਾ |
| ਕੰਨ ਤੇ ਜੂੰ ਨਾ ਸਰਕਣੀ | ਭੱਜ ਜਾਣਾ |
| ਘੋੜੇ ਵੇਚ ਕੇ ਸੌਣਾ | ਬਹੁਤ ਮਿਹਨਤ ਕਰਨੀ |
| ਲਹੂ ਪਸੀਨਾ ਇੱਕ ਕਰਨਾ | ਕੁਰਬਾਨੀ ਦੇਣੀ |



© Vismaad

# ਉੱਪਰ ਦਿੱਤੇ ਮੁਹਾਵਰਿਆਂ ਦੀ ਵਰਤੋਂ ਕਰਕੇ ਵਾਕ ਪੂਰੇ ਕਰੋ।



ਇਸ ਮਕਾਨ ਵਿੱਚ ਕੋਈ ਨਹੀਂ ਰਹਿੰਦਾ, ਇੱਥੇ ਤਾਂ ਦਿਨ ਰਾਤ

ਉੱਲੂ ਬੋਲਦੇ ____________ ਹਨ।



ਮੰਗਤੇ ਨੇ ਸੇਠ ਦੇ ਘਰ ਅੱਗੇ ਜਾ ਕੇ __ ਅਲਖ ਜਗਾਈ __________ ।



ਪੁਲਿਸ ਨੂੰ ਵੇਖ ਕੇ ਚੋਰ __ ਨੌਂ ਦੋ ਗਿਆਰਾਂ ___________ ਹੋ ਗਿਆ।



ਪੰਜਾਬੀ ਲੋਕ ਘਰ ਆਏ ਮਹਿਮਾਨ ਨੂੰ

ਅੱਖਾਂ ਉੱਤੇ ਬਿਠਾਉਂਦੇ ________________ ਹਨ।



ਮੰਜੇ ਕੋਲ ਸੱਪ ਨੂੰ ਵੇਖਕੇ ਮੇਰੇ ਤਾਂ __ ਸਾਹ ਸੁੱਕ __________ ਗਏ।



ਇਮਤਿਹਾਨਾਂ ਤੋਂ ਬਾਅਦ ਵਿਦਿਆਰਥੀ

ਘੋੜੇ ਵੇਚ ਕੇ ਸੌਂਦੇ __________________ ਹਨ।



SikhVille.org

© Vismaad



ਹਰ ਬੱਚਾ ਆਪਣੇ ਮਾਂ-ਪਿਓ ਦੀ ਅੱਖ ਦਾ ਤਾਰਾ ਹੁੰਦਾ ਹੈ।



ਕਿਸਾਨ ਦਿਨ ਰਾਤ ਖੇਤਾਂ ਵਿੱਚ ਲਹੂ ਪਸੀਨਾ ਇੱਕ ਕਰਕੇ ਦੇਸ਼ ਨੂੰ ਅੰਨ ਦਿੰਦੇ ਹਨ ।



ਝੂਠੇ ਅਤੇ ਬੇਈਮਾਨ ਬੰਦੇ ਹੀ ਦੂਜਿਆਂ ਵੱਲ ਉਂਗਲ ਕਰਦੇ ਹਨ।



ਅੱਜ-ਕੱਲ੍ਹ ਬੱਚੇ ਨਿੱਕੀ-ਨਿੱਕੀ ਗੱਲ ਉੱਤੇ ਮੂੰਹ ਸੁਜਾ ਲੈਂਦੇ ਹਨ।



ਆਪਣੇ ਦੇਸ਼ ਕੌਮ ਦੀ ਰੱਖਿਆ ਲਈ ਸਿੰਘ ਜਾਨ ਉੱਤੇ ਖੇਲ ਜਾਂਦੇ ਹਨ ।



ਸੋਹਣ ਸਿੰਘ ਨੂੰ ਪਹਿਲਾ ਸਰਕਾਰੀ ਮੁਲਾਜ਼ਮ ਦੀ ਮੁੱਠੀ ਗਰਮ ਕਰਨੀ ਪਈ ਤਾਂ ਜਾ ਕੇ ਉਸਦਾ ਕੰਮ ਬਣਿਆ।



© Vismaad